ਤੁਹਾਨੂੰ ਕੀ ਜਾਣਨ ਦੀ ਲੋੜ ਹੈ

# ਵੈਕਸੀਨ ਲਈ ਰਜਿਸਟਰੇਸ਼ਨ

## ਕਿਸ ਨੂੰ ਰਜਿਸਟਰ ਹੋਣਾ ਚਾਹੀਦਾ ਹੈ?

- ਰਜਿਸਟਰੇਸ਼ਨ **18 ਸਾਲ ਜਾਂ ਜ਼ਿਆਦਾ ਉਮਰ** ਦੇ ਹਰ ਇਕ ਲਈ ਖੁੱਲ੍ਹੀ ਹੈ।
- ਜੇ ਤੁਸੀਂ ਕੋਵਿਡ-19 ਦਾ ਆਪਣਾ ਪਹਿਲਾ ਟੀਕਾ ਫਾਰਮੇਸੀ ਰਾਹੀਂ ਲਵਾਇਆ ਹੈ ਜਾਂ ਜੇ ਤੁਸੀਂ ਆਪਣੇ ਪਹਿਲੇ ਟੀਕੇ (ਡੋਜ਼) ਲਈ ਅਪੌਂਇੰਟਮੈਂਟ ਫਰੇਜ਼ਰ ਹੈਲਥ ਰਾਹੀਂ, ਸਾਡੇ ਔਨਲਾਈਨ ਬੁੱਕਿੰਗ ਸਿਸਟਮ ਕੌਮਜ਼ਫੌਰਮਜ਼ ਰਾਹੀਂ ਬੁੱਕ ਕੀਤੀ ਹੈ ਤਾਂ ਕਿਰਪਾ ਕਰਕੇ ਜਿੰਨਾ ਵੀ ਛੇਤੀ ਸੰਭਵ ਹੋਵੇ ਸੂਬੇ ਦੇ ਗੈੱਟ ਵੈਕਸੀਨੇਟਡ ਸਿਸਟਮ ਨਾਲ ਰਜਿਸਟਰ ਹੋਵੋ।

## ਰਜਿਸਟਰ ਕਿਉਂ ਹੋਣਾ ਹੈ?

- ਰਜਿਸਟਰੇਸ਼ਨ ਵੈਕਸੀਨੇਸ਼ਨ ਲਵਾਉਣ ਵੱਲ **ਪਹਿਲਾ ਕਦਮ** ਹੈ। ਇਸ ਨੂੰ ਮਿੰਟ ਕੁ ਹੀ ਲੱਗਦਾ ਹੈ।
- ਚੀਜ਼ਾਂ ਛੇਤੀ ਨਾਲ ਚੱਲ ਰਹੀਆਂ ਹਨ। **ਤੁਹਾਨੂੰ ਰਜਿਸਟਰ ਹੋਣ ਦੀ ਲੋੜ ਹੈ** ਤਾਂ ਜੋ ਤੁਹਾਨੂੰ ਇਹ ਪਤਾ ਹੋਵੇ ਕਿ ਪਹਿਲੇ ਜਾਂ ਦੂਜੇ ਟੀਕੇ ਲਈ ਤੁਹਾਡੀ ਵਾਰੀ ਕਦੋਂ ਹੈ।
- ਰਜਿਸਟਰ ਹੋਣਾ ਹਰ ਕਲੀਨਿਕ ਵਿਚ ਵੈਕਸੀਨ ਦੀ ਲੋੜੀਂਦੀ ਮਾਤਰਾ ਦੀ ਪਲੈਨ ਬਣਾਉਣ ਵਿਚ ਵੀ ਸਾਡੀ ਮਦਦ ਕਰਦਾ ਹੈ।

## ਮੈਂ ਰਜਿਸਟਰ ਕਿਵੇਂ ਹੋਣਾ ਹੈ?

- ਔਨਲਾਈਨ: **getvaccinated.gov.bc.ca**
- ਟੈਲੀਫੋਨ ’ਤੇ: **1-833-838-2323**. ਦੋਭਾਸ਼ੀਏ ਮੌਜੂਦ ਹਨ।
  ਬੋਲ਼ਿਆਂ ਲਈ ਟੈਲੀਫੋਨ: 711 ਡਾਇਲ ਕਰੋ
- ਜੇ ਤੁਹਾਡੇ ਕੋਲ **ਨਿੱਜੀ ਸਿਹਤ ਨੰਬਰ ਨਹੀਂ** ਹੈ ਤਾਂ ਫੋਨ ਰਾਹੀਂ ਜਾਂ ਸਰਵਿਸ ਬੀ ਸੀ ਦੇ ਕਿਸੇ ਦਫਤਰ ਵਿਚ ਰਜਿਸਟਰ ਹੋਵੋ।

## ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਇੱਥੇ ਰਜਿਸਟਰ ਹੋਵੋ: **gov.bc.ca/getvaccinated**

fraserhealth

[Punjabi]